# ਦੁਆ ਦੀ ਤਾਕਤ

## ਯਾਕੂਬ 5:13-18

*''ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ'' (ਯਾਕੂਬ 5: 16)।*

ਕਮਜ਼ੋਰ ਤੋਂ ਕਮਜ਼ੋਰ ਸੰਤ ਨੂੰ ਗੋਡਿਆਂ ਭਾਰ ਦੇਖ ਕੇ ਸ਼ੈਤਾਨ ਕੰਬ ਜਾਂਦਾ ਹੈ।
ਵਿਲੀਅਮ ਕੌਪਰ

ਅਸੀਂ ਦੁਆ ਹੋਰ ਕਿਉਂ ਨਹੀਂ ਕਰਦੇ? ਜੇ ਖ਼ੁਦਾ ਦੁਆ ਸੁਣਨ ਵਾਲਾ ਅਤੇ ਦੁਆ ਦਾ ਜਵਾਬ ਦੇਣ ਵਾਲਾ ਖ਼ੁਦਾ ਹੈ, ਤਾਂ ਅਸੀਂ ਦੁਆ ਹੋਰ ਕਿਉਂ ਨਹੀਂ ਕਰਦੇ? ਦੁਆ ਕਰਨ ਵਾਲਿਆਂ ਲਈ ਵੱਡੇ ਵੱਡੇ ਕੰਮ ਹੋ ਜਾਂਦੇ ਹਨ। ਜੌਨ ਵੈਸਲੀ ਨੇ ਕਿਹਾ ਸੀ, ''ਮੇਰਾ ਮੰਨਣਾ ਹੈ ਕਿ ਖ਼ੁਦਾ ਹਰ ਕੰਮ ਦੁਆ ਦੇ ਰਾਹੀਂ ਹੀ ਕਰਦਾ ਹੈ ਅਤੇ ਬਿਨਾਂ ਇਸਦੇ ਵਸੀਲੇ ਦੇ ਉਹ ਕੁਝ ਨਹੀਂ ਕਰਦਾ।'' ਜਿਹੜਾ ਪ੍ਰਚਾਰਕ ਹਰ ਦਿਨ ਘੱਟੋ ਘੱਟ ਚਾਰ ਘੰਟੇ ਦੁਆ ਨਹੀਂ ਕਰਦਾ, ਉਹਦੇ ਲਈ ਜੌਨ ਵੈਸਲੀ ਦੇ ਮਨ ਵਿਚ ਘੱਟ ਇੱਜ਼ਤ ਹੈ। ਇਕ ਦਾਰਸ਼ਨਿਕ ਨੇ ਇਸ ਗੱਲ ਦਾ ਮੁਲਾਂਕਣ ਕੀਤਾ ਹੈ ਕਿ ''ਦੁਆ ਦੇ ਰਾਹੀਂ ਇੰਨੇ ਕੰਮ ਕੀਤੇ ਜਾ ਸਕਦੇ ਹਨ ਜਿੰਨੇ ਇਹ ਸੰਸਾਰ ਖਾਬ ਵੀ ਨਹੀਂ ਵੇਖ ਸਕਦਾ।'' ਜੋ ਅਹਿਮੀਅਤ ਦਰਸ਼ਨ ਸ਼ਾਸਤਰ ਵਿਚ ਸੋਚਣ ਦੀ ਹੈ; ਉਹੀ ਧਰਮ ਵਿਚ ਦੁਆ ਦੀ ਹੈ। ਜਦ ਅਸੀਂ ਇੰਨੇ ਰੁੱਝੇ ਹੁੰਦੇ ਹਾਂ ਕਿ ਦੁਆ ਨਹੀਂ ਕਰ ਸਕਦੇ ਤਾਂ ਅਸੀਂ ਇੰਨੇ ਮਸਰੂਫ਼ ਹੁੰਦੇ ਹਾਂ ਕਿ ਸ਼ਕਤੀ ਨਹੀਂ ਪਾ ਸਕਦੇ। ਅਸੀਂ ਦੁਆ ਹੋਰ ਕਿਉਂ ਨਹੀਂ ਕਰਦੇ? ਖ਼ੁਦਾ ਦੀਆਂ ਬਹੁਤ ਸਾਰੀਆਂ ਬਰਕਤਾਂ ਅਜਿਹੀਆਂ ਹਨ, ਜਿਹੜੀਆਂ ਮਨੁੱਖ ਨੂੰ ਤਦ ਤਕ ਨਹੀਂ ਦਿੱਤੀਆਂ ਜਾ ਸਕਦੀਆਂ ਜਦ ਤਕ ਉਹ ਦੁਆ ਨਹੀਂ ਕਰਦਾ।

ਦੁਆ ਤੋਂ ਖ਼ੁਦਾ ਆਪ ਵੀ ਪ੍ਰਭਾਵਿਤ ਹੁੰਦਾ ਹੈ। ਹਨੱਨੀਆਂ ਨੂੰ ਸ਼ਾਊਲ ਕੋਲ ਭੇਜਦੇ ਹੋਏ, ਖ਼ੁਦਾ ਨੇ ਕਿਹਾ ਸੀ, '' ... ਵੇਖ ਉਹ ਪ੍ਰਾਰਥਨਾ ਕਰਦਾ ਹੈ'' (ਰਸੂਲਾਂ ਦੇ ਕੰਮ 9: 11)। ਖ਼ੁਦਾ ਲਈ ਮਨੁੱਖ ਵੱਲੋਂ ਦੁਆ ਤੋਂ ਵਧ ਕੇ ਕੋਈ ਗੱਲ ਨਹੀਂ ਹੈ। ਯੂਹੰਨਾ ਨੇ ਲਿਖਿਆ ਹੈ, ''ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਮੁਤਾਬਕ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਇਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ'' (1 ਯੂਹੰਨਾ 5: 14, 15)।

ਸੰਸਾਰ ਨੂੰ ਬਦਲਣ ਅਤੇ ਦਿਸ਼ਾ ਦੇਣ ਵਾਲੇ ਲੋਕ ਦੁਆ ਕਰਨ ਵਾਲੇ ਹੀ ਸਨ। ਖ਼ੁਦਾ ਨਾਲ ਗੱਲ ਕਰਨਾ, ਖ਼ੁਦਾ ਵੱਲੋਂ ਸੁਆਗਤ ਹੋਣਾ, ਖ਼ੁਦਾ ਵੱਲੋਂ ਜਵਾਬ ਪਾਉਣਾ, ਕਿੰਨਾ ਸ਼ਾਨਦਾਰ ਹੈ। ਖ਼ੁਦਾ ਵੀ ਮਨੁੱਖ ਦੀ ਗੱਲ ਮੰਨ ਸਕਦਾ ਹੈ! ਇਹ ਕਮਜ਼ੋਰੀ ਦਾ ਪ੍ਰਤੀਕ ਨਹੀਂ ਬਲਕਿ ਤਾਕਤ ਦਾ ਪ੍ਰਕਾਸ਼ ਹੈ। ਖ਼ੁਦਾ ਨੇ ਅਜਿਹਾ ਹੀ ਚਾਹਿਆ ਸੀ। ਜ਼ਿੰਦਗੀ ਦੀ ਆਪਣੀ ਸਿਆਣੀ ਯੋਜਨਾ ਵਿਚ ਖ਼ੁਦਾ ਨੇ ਮਨੁੱਖ ਲਈ ਦੁਆ ਦਾ ਢੰਗ ਬਣਾਇਆ ਹੈ, ਜਿਸ ਤੋਂ ਵੱਡੇ ਵੱਡੇ ਕੰਮ ਹੋ ਸਕਣ।

*ਦੁਆ ਵਿਚ ਸ਼ਕਤੀ ਹੈ, ਤਾਂ ਵੀ ਸਾਡਾ ਯਕੀਨ ਦੁਆ ਵਿਚ ਨਹੀਂ ਬਲਕਿ ਖ਼ੁਦਾ ਵਿਚ ਹੈ।* ਚੰਗਿਆਈ ਦੁਆ ਨਹੀਂ, ਖ਼ੁਦਾ ਤੋਂ ਹੁੰਦੀ ਹੈ। ਦੁਆ ਖ਼ੁਦਾ ਤਕ ਪਹੁੰਚਣ ਲਈ ਸਾਡਾ ਵਸੀਲਾ ਹੈ। ਦੁਆ ਵਿਚ ਅਸੀਂ ਸਰਬਸ਼ਕਤੀਮਾਨ ਖ਼ੁਦਾ ਨੂੰ ਆਪਣਾ ਸਹਿਯੋਗੀ ਬਣਾਉਂਦੇ ਹਾਂ। ਕਾਇਨਾਤ ਦਾ ਖ਼ੁਦਾ ਸਾਡੀ ਸੁਣਨਾ ਚਾਹੁੰਦਾ ਹੈ, ਸਾਡੀ ਮਦਦ ਕਰਨੀ ਚਾਹੁੰਦਾ ਹੈ। ਦੁਆ ਵਿਚ ਸ਼ਕਤੀ ਹੈ।

# ਦੁਆ ਕਰੋ!

''ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ'' (ਯਾਕੂਬ 5:16)। ਯਕੀਨ ਜਾਣੋ! ਇਸ ਨੂੰ ਨਿੱਤ ਨੇਮ ਵਿਚ ਲਿਆਓ। ''ਏਲੀਯਾਹ ਸਾਡੇ ਵਰਗਾ ਦੁਖ ਸੁਖ ਭੋਗਣ ਵਾਲਾ ਮਨੁੱਖ ਸੀ ਅਤੇ ਉਹ ਨੇ ਤਨੋਂ ਮਨੋਂ ਦੁਆ ਕੀਤੀ ਭਈ ਵਰਖਾ ਨਾ ਹੋਵੇ ਤਾਂ ਸਾਢੇ ਤਿੰਨਾਂ ਵਰ੍ਹਿਆਂ ਤੀਕ ਉਸ ਧਰਤੀ ਉੱਤੇ ਵਰਖਾ ਨਾ ਹੋਈ। ਤੇ ਉਹ ਨੇ ਫੇਰ ਦੁਆ ਕੀਤੀ ਅਤੇ ਅਕਾਸ਼ ਨੇ ਵਰਖਾ ਕੀਤੀ ਅਤੇ ਧਰਤੀ ਨੇ ਆਪਣੇ ਫਲ ਉਗਾਏ'' (ਯਾਕੂਬ 5:17, 18)। ਏਲੀਯਾਹ ਦੀ ਤਾਕਤ ਦੁਆ ਹੀ ਸੀ! ਖ਼ੁਦਾ ਦੇ ਸੇਵਕਾਂ ਦਾ ਸਭ ਤੋਂ ਅਹਿਮ ਕੰਮ ਦੁਆ ਹੀ ਹੈ। *ਪਹਿਲਾਂ ਦੁਆ ਕਰੋ!*

ਏਲੀਯਾਹ ਨੇ ਦੁਆ ਕੀਤੀ। ਯੂਨਾਨੀ ਭਾਸ਼ਾ ਵਿਚ ਇਹ ਦਿਲਚਸਪ ਹੈ: ''ਉਸਨੇ ਆਪਣੀਆਂ ਦੁਆਵਾਂ ਵਿਚ ਦੁਆ ਕੀਤੀ।'' ਏਲੀਯਾਹ ਨੇ ਖ਼ੁਦਾ ਤੇ ਯਕੀਨ ਕੀਤਾ ਜਿਸ ਕਰਕੇ ਉਸਨੇ ਦੁਆ ਕੀਤੀ। ਏਲੀਯਾਹ ਨੇ ਗਰਮਜੋਸ਼ੀ ਭਾਵ ਵਿਸ਼ਵਾਸ ਨਾਲ ਦੁਆ ਕੀਤੀ। ਏਲੀਯਾਹ ਨੇ ਦੁਆ ਬੋਲੀ ਜਾਂ ਸੁਣਾਈ ਨਹੀਂ, ਬਲਕਿ ਉਸ ਨੇ ਦੁਆ ਕੀਤੀ।

ਇਸ ਵਿਚ ਇਕ ਹੋਰ ਬੇਸ਼ਕੀਮਤੀ ਵਿਚਾਰ ਹੈ: ''ਏਲੀਯਾਹ ਸਾਡੇ ਵਰਗਾ ਦੁਖ ਸੁਖ ਭੋਗਣ ਵਾਲਾ ਮਨੁੱਖ ਸੀ'' (ਆਇਤ 17)। ਅਸੀਂ ਬਾਈਬਲ ਦੇ ਕਿਰਦਾਰਾਂ ਨੂੰ ਹੀਰੋ ਜਾਂ ''ਮਹਾਨਾਇਕ'' ਬਣਾਉਣਾ ਚਾਹੁੰਦੇ ਹਾਂ। ਇਸ ਦੇ ਉਲਟ ਉਹ ਸਾਡੇ ਵਰਗੇ ਭਾਂਤ ਭਾਂਤ ਦੇ ਦੁਖ ਭੋਗਣ ਵਾਲੇ ਲੋਕ ਸਨ। ਖ਼ੁਦਾ ਨੇ ਏਲੀਯਾਹ ਦੀ ਦੁਆ ਸੁਣੀ ਅਤੇ ਉਹ ਸਾਡੀਆਂ ਦੁਆਵਾਂ ਵੀ ਸੁਣਦਾ ਹੈ! ''ਕਿਉਂ ਜੋ ਪ੍ਰਭੂ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ'' (1 ਪਤਰਸ 3:12)। ਮਲਿਕਾ ਮੇਰੀ ਦਾ ਕਹਿਣਾ ਸੀ ਉਸ ਨੂੰ 10,000 ਸਿਪਾਹੀਆਂ ਦੀ ਫ਼ੌਜ ਤੋਂ ਇਨਾਂ ਡਰ ਨਹੀਂ ਲਗਦਾ, ਜਿੰਨਾ ਜੌਨ ਨੌਕਸ ਦੀਆਂ ਦੁਆਵਾਂ ਤੋਂ ਲਗਦਾ ਹੈ। ਦੁਆ ਵਿਚ ਸ਼ਕਤੀ ਹੈ! ਦੁਆ ਕਰਨ ਨਾਲ ਸਾਨੂੰ ਤਾਕਤ ਮਿਲਦੀ ਹੈ!

ਦੁਆ ਨਾਲ ''ਬਹੁਤ'' ਫ਼ਾਇਦਾ ਹੁੰਦਾ ਹੈ, ਕਿਸੇ ਨੂੰ ''ਬਹੁਤਾ'' ਅਤੇ ਕਿਸੇ ਨੂੰ ''ਘੱਟ'' ਵੀ ਮਿਲ ਸਕਦਾ ਹੈ। ਦੁਆ ਖ਼ੁਦਾ ਉੱਤੇ ਅਸਰ ਕਰਦੀ ਹੈ! ਖ਼ੁਦਾ ਕੰਮ ਕਰਦਾ ਹੈ! ਖ਼ੁਦਾ ਉਸ ਬਾਂਹ ਨੂੰ ਜਿਹੜੀ ਸੰਸਾਰ ਨੂੰ ਚਲਾਉਂਦੀ ਹੈ, ਮੋੜਦਾ ਹੈ। ਦੁਆ ਵਿਚ ਕਿੰਨੀ ਤਾਕਤ ਹੈ? ਖ਼ੁਦਾ ਵਿਚ ਕਿੰਨੀ ਤਾਕਤ ਹੈ? ਜਦ ਯਰੂਸ਼ਲਮ ਦੀ ਕਲੀਸੀਆ ਨੇ ਦੁਆ ਕੀਤੀ ਤਾਂ ਉਹ ਘਰ ਹਿੱਲ ਗਿਆ (ਰਸੂਲਾਂ ਦੇ ਕੰਮ 4:31)। ਖ਼ੁਦਾ ਨੇ ਉਸ ਨਾਲੋਂ ਜੋ ਅਸੀਂ ਮੰਨਦੇ ਜਾਂ ਸੋਚਦੇ ਹਾਂ, ਵੱਧ ਕਰਨ ਦਾ ਵਾਅਦਾ ਕੀਤਾ ਹੈ (ਅਫ਼ਸੀਆਂ 3:20)। ਅਸੀਂ ਦੁਆ ਹੋਰ ਕਿਉਂ ਨਹੀਂ ਕਰਦੇ? ਜੇ ਖ਼ੁਦਾ ਦੀ ਸ਼ਕਤੀ ਮਿਲ ਜਾਵੇ ਤਾਂ ਕਲੀਸੀਆ ਕਿੰਨੀ ਸ਼ਕਤੀਸ਼ਾਲੀ ਹੋ ਸਕਦੀ ਹੈ? ਦੁਆ ਰਹਿਤ ਕਲੀਸੀਆ ਸ਼ਕਤੀ ਰਹਿਤ ਕਲੀਸੀਆ ਹੈ। ਤੁਸੀਂ ਪਾਓਗੇ ਕਿ ਦੁਆ ਕਰਨ ਵਾਲੀ ਕਲੀਸੀਆ ਦੀ ਤਰੱਕੀ ਰੁਕਦੀ ਨਹੀਂ ਹੈ। *ਪਹਿਲਾਂ ਦੁਆ ਕਰੋ!* ਬਾਈਬਲ ਵਿਚ ਸਾਨੂੰ ਖ਼ੁਦਾ ਦੇ 32,000 ਵਾਅਦੇ ਮਿਲਦੇ ਹਨ। ਖ਼ੁਦਾ ਦੁਆਵਾਂ ਸੁਣਦਾ ਅਤੇ ਉਨ੍ਹਾਂ ਦਾ ਜਵਾਬ ਦਿੰਦਾ ਹੈ। ਖ਼ੁਦਾ ਦਾ ਹਰ ਵਾਅਦਾ ਪੂਰਾ ਹੁੰਦਾ ਹੈ।

ਏਲੀਯਾਹ ਨੇ ਦੁਆ ਕੀਤੀ ਸੀ ਤੇ ਵਰਖਾ ਨਹੀਂ ਹੋਈ; ਉਸ ਨੇ ਫੇਰ ਦੁਆ ਕੀਤੀ ਅਤੇ ਵਰਖਾ ਹੋ ਗਈ। ਦੋਹਾਂ ਦੁਆਵਾਂ ਵਿਚ ਹੀ ਰੋਜ਼ ਮਰੱਾ ਦੀ ਜ਼ਿੰਦਗੀ ਦੀ ਗੱਲ ਸੀ। ਫ਼ਲਿਸਤੀਨ ਵਿਚ ਹੋਣ ਵਾਲੀ ਵਰਖਾ ਭੂਮੱਧ ਸਾਗਰ ਤੋਂ ਆਈ ਸੀ। ਏਲੀਯਾਹ ਜਾਣਦਾ ਸੀ ਕਿ ਕਿਸ ਪਾਸੇ ਵੇਖਣਾ ਹੈ। ਹਾਂ ਮੁਸ਼ਕਿਲਾਂ ਵਿਚ ਖ਼ੁਦਾ ਦੇ ਖ਼ਾਸ ਉਪਾਅ ਨੂੰ ਵੇਖਣਾ ਜ਼ਰੂਰੀ ਹੁੰਦਾ ਹੈ। ਖ਼ੁਦਾ ਖ਼ੁਦ ਇਕ ਭੇਤ ਹੈ। ਏਲੀਯਾਹ ਆਮ ਲੋਕਾਂ ਵਾਂਗ ਇਕ ਆਦਮੀ ਸੀ। ਖ਼ੁਦਾ ਆਮ ਲੋਕਾਂ ਦੀ ਜ਼ਿੰਦਗੀ ਵਿਚ ਹੀ ਕੰਮ ਕਰਦਾ ਹੈ। ਕਿੰਨਾ ਜ਼ਬਰਦਸਤ ਖ਼ੁਦਾ ਹੈ!

ਦੁਆ ਜਾਂ ਤਾਂ ਸਭ ਤੋਂ ਵੱਡੀ ਤਾਕਤ ਹੈ ਜਾਂ ਸਭ ਤੋਂ ਵੱਡਾ ਫ਼ਰੇਬ। ਜਦ ਅਸੀਂ ਕੰਮ ਕਰਦੇ ਹਾਂ ਤਾਂ ਅਸੀਂ ਕੰਮ ਕਰ ਰਹੇ ਹੁੰਦੇ ਹਾਂ; ਜਦ ਅਸੀਂ ਦੁਆ ਕਰਦੇ ਹਾਂ ਤਾਂ ਖ਼ੁਦਾ ਕੰਮ ਕਰਦਾ ਹੈ! ਸਾਡੀ

ਰੂਹਾਨੀ ਤਾਕਤ ਸਾਡੀਆਂ ਦੁਆਵਾਂ ਦੇ ਰਹਿਮ ਤੇ ਹੈ। ਮਸੀਹੀ ਆਦਮੀ ਲਈ ਆਪਣੇ *ਪੈਰਾਂ ਤੇ* ਖਲੋਣ ਲਈ ਸਭ ਤੋਂ ਵਧੀਆ ਢੰਗ *ਗੋਡਿਆਂ* ਭਾਰ ਹੋਣਾ ਹੈ। ਮਸੀਹੀ ਲੋਕਾਂ ਨੂੰ ਜ਼ਿੰਦਗੀ ਕੋਲ ਆਪਣੀ *ਸਮਰੱਥਾ* ਤੇ ਧਿਆਨ ਲਾਉਂਦੇ ਹੋਏ ਆਉਣਾ ਚਾਹੀਦਾ ਹੈ ਨਾ ਕਿ *ਪਰੇਸ਼ਾਨੀਆਂ* ਤੇ। *ਦੁਆ* ਦੇ ਬਗੈਰ ਮਸੀਹੀ ਲੋਕ *ਨਾਸ* ਹੋ ਜਾਂਦੇ ਹਨ। ਨਵੇਂ ਨੇਮ ਦੀ ਕਲੀਸੀਆ ਦੁਆ ਕਰਨ ਵਾਲੀ ਕਲੀਸੀਆ ਸੀ (ਰਸੂਲਾਂ ਦੇ ਕੰਮ 2:42; 4:23–31)। ਸ਼ੈਤਾਨ ਨੂੰ ਦੁਆ ਰਹਿਤ ਅਧਿਐਨ, ਸਰਮਨਾਂ ਅਤੇ ਕੰਮ ਤੋਂ ਕੋਈ ਡਰ ਨਹੀਂ ਲਗਦਾ। ਉਹ ਸਾਡੇ ਕੰਮ ਤੇ ਹੱਸਦਾ ਅਤੇ ਸਾਡੀ ਸਮਝ ਦਾ ਮਜ਼ਾਕ ਉਡਾਉਂਦਾ ਹੈ। ਪਰ ਜਦ ਅਸੀਂ ਦੁਆ ਕਰਦੇ ਹਾਂ ਤਾਂ ਉਹ ਕੰਬ ਜਾਂਦਾ ਹੈ। ਦੁਆ ਵਿਚ ਸ਼ਕਤੀ ਹੈ। ਯਕੀਨ ਕਰੋ।

## ਖ਼ੁਦਾ ਦੁਆ ਦਾ ਜਵਾਬ ਦਿੰਦਾ ਹੈ!

ਕਿਸੇ ਨੇ ਮਾਰਟਨ ਲੂਥਰ ਕੋਲ ਟਿੱਪਣੀ ਕੀਤੀ, ''ਮੈਨੂੰ ਬਹੁਤਾ ਯਕੀਨ ਨਹੀਂ ਹੈ ਕਿ ਮੇਰੀਆਂ ਦੁਆਵਾਂ ਸੁਣੀਆਂ ਵੀ ਜਾਣਗੀਆਂ।'' ਲੂਥਰ ਨੇ ਜਵਾਬ ਦਿੱਤਾ, ''ਇਹਦੇ ਲਈ ਤੁਹਾਨੂੰ ਦੁਆ ਕਰਨੀ ਚਾਹੀਦੀ ਹੈ।'' ਹਰ ਮਸੀਹੀ ਦੁਆ ਦਾ ਜਵਾਬ ਮਿਲਦਾ ਹੈ! ਵਿਸ਼ਵਾਸੀਆਂ ਦੀ ਕੋਈ ਅਜਿਹੀ ਦੁਆ ਨਹੀਂ ਹੋ ਸਕਦੀ, ਜਿਸ ਦਾ ਕੋਈ ਜਵਾਬ ਨਾ ਮਿਲੇ। ''ਦੁਆ ਨਾ ਕੀਤੀ ਹੋਈ ਦੁਆ'' ਤਾਂ ਹੈ ਪਰ ''ਜਵਾਬ ਨਾ ਮਿਲਣ ਵਾਲੀ ਦੁਆ'' ਕੋਈ ਦੁਆ ਨਹੀਂ ਹੈ। ਦੁਆ ਖ਼ੁਦਾ ਦੇ *ਜਵਾਬ ਦੇਣ* ਉੱਤੇ *ਹੱਕ ਜਮਾਉਣ* ਲਈ ਨਹੀਂ, ਬਲਕਿ ਖ਼ੁਦਾ ਦੀ *ਇੱਛਾ* ਹੈ। ਖ਼ੁਦਾ ਦੁਆਵਾਂ ਦਾ ਜਵਾਬ ਦਿੰਦਾ ਹੈ! ਇਹ ਸਾਡੀ ਮੁਸ਼ਕਿਲ ਨਹੀਂ ਹੈ। ਖ਼ੁਦਾ ਦੁਆ ਦਾ ਜਵਾਬ ਕਿਵੇਂ ਦਿੰਦਾ ਹੈ?

(1) *ਖ਼ੁਦਾ ''ਹਾਂ'' ਵਿਚ ਜਵਾਬ ਦਿੰਦਾ ਹੈ।* ਖ਼ੁਦਾ ਸਾਨੂੰ (ਪ੍ਰੇਮੀ ਪਿਤਾ ਵਾਂਗ) ਉਹ ਸਭ ਦੇਣਾ ਚਾਹੁੰਦਾ ਹੈ ਜੋ ਅਸੀਂ ਮੰਗਦੇ ਹਾਂ। ਏਲੀਯਾਹ ਨੇ ਦੁਆ ਕੀਤੀ ਅਤੇ ਵਰਖਾ ਨਹੀਂ ਹੋਈ। ਏਲੀਯਾਹ ਨੇ ਦੁਆ ਕੀਤੀ ਅਤੇ ਵਰਖਾ ਹੋ ਗਈ। ਹੰਨਾ ਨੇ ਇਕ ਪੁੱਤਰ ਲਈ ਦੁਆ ਕੀਤੀ (1 ਸਮੂਏਲ 1:11)। ਖ਼ੁਦਾ ਨੇ ਉਸ ਨੂੰ ਸਮੂਏਲ ਅਤੇ ਹੋਰ ਬੱਚੇ ਦੇ ਕੇ ਬਰਕਤ ਦਿੱਤੀ। ਖ਼ੁਦਾ ਦੇਣ ਲਈ ਹੀ ਹੈ। ਹਿਜ਼ਕੀਯਾਹ ਨੇ ਜ਼ਿੰਦਾ ਰਹਿਣ ਲਈ ਦੁਆ ਕੀਤੀ; ਖ਼ੁਦਾ ਨੇ ਉਸ ਦੀ ਉਮਰ ਪੰਦਰਾਂ ਸਾਲ ਵਧਾ ਦਿੱਤੀ (ਯਸਾਯਾਹ 38:2–5)। ਪਰ ਅਸੀਂ ਆਪਣੀਆਂ ਦੁਆਵਾਂ ਦੇ ਜਵਾਬ ਦਾ ਸੁਝਾਅ ਦੇਣਾ ਚਾਹੁੰਦੇ ਹਾਂ। ਅਸੀਂ ਇਹ ਸੋਚਣਾ ਚਾਹੁੰਦੇ ਹਾਂ ਕਿ ਖ਼ੁਦਾ ਇੱਕੋ ਤਰ੍ਹਾਂ ਨਾਲ ਜਵਾਬ ਦੇ ਸਕਦਾ ਹੈ। ਬੱਚਿਆਂ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਨ੍ਹਾਂ ਲਈ ਚੰਗਾ ਕੀ ਹੈ; ਪਰ ਮਾਪਿਆਂ ਨੂੰ ਸਮਝ ਹੁੰਦੀ ਹੈ। ਮਨੁੱਖ ਨੂੰ ਆਪਣੀ ਲੋੜ ਦਾ ਪਤਾ ਨਹੀਂ ਹੁੰਦਾ, ਪਰ ਖ਼ੁਦਾ ਜਾਣਦਾ ਹੈ। ਖ਼ੁਦਾ ਦੀ ''ਹਾਂ'' ਦੇ ਨਾਲ ਸਾਡੀ ਉਮੀਦ ਤੋਂ ਹਟ ਕੇ ਲਾਭ ਮਿਲ ਸਕਦੇ ਹਨ! ਸਾਡੀ ਜ਼ਿੰਦਗੀ ਉੱਥਲ ਪੁਥਲ ਹੋ ਸਕਦੀ ਹੈ। ਦੁਆ ਵਿਚ ਇਹੀ ''ਖ਼ਤਰਾ'' ਹੈ। ਜਦ ਤੁਸੀਂ ਦੁਆ ਕਰੋ ਤਾਂ ਚੌਕਸ ਰਹੁ, ਕਿਉਂਕਿ ਤੁਹਾਨੂੰ ਉਸ ਦਾ ਜਵਾਬ ਮਿਲ ਸਕਦਾ ਹੈ। ਵਿਸ਼ਵਾਸ ਨਾਲ ਚੱਲਣ ਲਈ ਜ਼ਰੂਰੀ ਹੈ ਕਿ ਅਸੀਂ ਖ਼ੁਦਾ ਵੱਲੋਂ ਬਿਨਾਂ ਉਮੀਦ ਕੀਤੀਆਂ ਚੀਜ਼ਾਂ ਪਾਉਣ ਲਈ ਤਿਆਰ ਰੱਖੀਏ। ਖ਼ੁਦਾ ਨੂੰ ''ਡੱਬੇ ਵਿਚ ਬੰਦ'' ਨਹੀਂ ਕੀਤਾ ਜਾ ਸਕਦਾ। ਜਿਵੇਂ ਵੀ ਕਰ ਸਕਦੇ ਹੋ, ਦੁਆ ਕਰੋ, ਨਾ ਕਿ ਉਵੇਂ ਜਿਵੇਂ ਤੁਸੀਂ ਨਹੀਂ ਕਰ ਸਕਦੇ। ਜਦ ਖ਼ੁਦਾ ਨੂੰ ਸਾਡੀ ਜ਼ਿੰਦਗੀ ਵਿਚ ਸੱਦਾ ਦਿੱਤਾ ਜਾਂਦਾ ਹੈ ਤਾਂ ਸਭ ਕੁਝ ਹੋ ਸਕਦਾ ਹੈ। ''ਖ਼ੁਦਾ ਦੀ ਮਰਜ਼ੀ'' ਪੂਰੀ ਹੋਣ ਲਈ ਦੁਆ ਕਰੋ।

(2) *ਖ਼ੁਦਾ ''ਨਹੀਂ'' ਵਿਚ ਜਵਾਬ ਦਿੰਦਾ ਹੈ।* ਜਵਾਬ ''ਨਹੀਂ'' ਵੀ ਹੋ ਸਕਦਾ ਹੈ। ਅਸੀਂ ਮੰਨਣਾ ਨਹੀਂ ਚਾਹੁੰਦੇ ਕਿ ਇਹ ਕੋਈ ਜਵਾਬ ਹੈ। ਦੁਆ ਕੁਝ ਨਾ ਦੇ ਕੇ ਕੁਝ ਪਾਉਣ ਦਾ ਅਸਾਨ ਢੰਗ ਨਹੀਂ ਹੈ। ਖ਼ੁਦਾ ਹੀ ਖ਼ੁਦਾ ਹੈ; ਮਨੁੱਖ ਨਹੀਂ। ਦੁਆ ਮਨੁੱਖ ਨੂੰ ਖ਼ੁਦਾ ਦਾ ਮਾਲਕ ਬਣਾਉਣ ਲਈ ਨਹੀਂ ਬਣਾਈ ਗਈ ਸੀ। ਬਹੁਤ ਸਾਰੇ ਲੋਕ ਜਵਾਬ ਮਿਲਣ ਵਾਲੀਆਂ ਦੁਆਵਾਂ ਦਾ ਮਤਲਬ ''ਹਾਂ'' ਵਿਚ ਹੀ ਲੈਂਦੇ ਹਨ। ਜ਼ਰੂਰੀ ਨਹੀਂ ਕਿ ਦੁਨਿਆਵੀ ਪਿਤਾ ਆਪਣੇ ਬੱਚਿਆਂ ਦੀ ਹਰ ਇੱਛਾ ਪੂਰੀ ਕਰੇ। ਬਹੁਤ ਸਾਰੇ ਲੋਕ ਅਜਿਹੇ ਹਨ; ਜਿਹੜੇ ਖ਼ੁਦਾ ਦਾ ਧੰਨਵਾਦ ਇਸ ਲਈ ਕਰਦੇ ਹਨ, ਕਿ ਉਸ ਨੇ ਉਨ੍ਹਾਂ ਨੂੰ

ਉਹ ਨਹੀਂ ਦਿੱਤਾ ਜੋ ਉਨ੍ਹਾਂ ਨੇ ਉਸ ਤੋਂ ਮੰਗਿਆ ਸੀ। ਹਰ ''ਹਾਂ'' ਵਿਚ ''ਨਾਂਹ'' ਵੀ ਰਹਿੰਦੀ ਹੈ।

ਖ਼ੁਦਾ ਨੇ ਆਪਣੇ ਪੁੱਤਰ ਨੂੰ ਗਤਸਮਨੀ ਵਿਚ ਤਿੰਨੇ ਵਾਰ ''ਨਾਂਹ'' ਆਖਿਆ ਸੀ। 2 ਕੁਰਿਥੀਆਂ 12:8–9 ਵਿਚ ਪੌਲੁਸ ਦੇ ਸਰੀਰ ਵਿਚਲੇ ਕੰਡੇ ਬਾਰੇ ਖ਼ੁਦਾ ਨੇ ਉਸ ਨੂੰ ਤਿੰਨੇ ਵਾਰ ''ਨਾਂਹ'' ਕਿਹਾ। ਕਦੀ ਕਦੀ ''ਨਾਂਹ'' ਹੀ ਸਭ ਤੋਂ ਸਹੀ ਜਵਾਬ ਹੁੰਦਾ ਹੈ। ਦੁਆ ਵਿਚ ਅਸੀਂ ਖ਼ੁਦਾ ਨਾਲ ਗੱਲ ਕਰਦੇ ਹਾਂ; ਅਸੀਂ ਖ਼ੁਦਾ ਨੂੰ ''ਮਾਤ ਦੇਣ'' ਦੀ ਕੋਸ਼ਿਸ਼ ਨਹੀਂ ਕਰਦੇ। ਦੁਆ ਵਿਚ ਅਸੀਂ ਖ਼ੁਦਾ ਦੇ ਜਵਾਬ ਤੇ ਭਰੋਸਾ ਰੱਖਦੇ ਹਾਂ; ਚਾਹੇ ਉਹ ਸਾਨੂੰ ਪਸੰਦ ਹੋਵੇ ਜਾਂ ਨਾ। ਯਿਸੂ ਨੂੰ ਆਪਣੀ ਦੁਆ ਦੇ ਜਵਾਬ ਵਿਚ ਕੀ ਮਿਲਿਆ? *ਕਲਵਰੀ!*

(3) *ਖ਼ੁਦਾ ''ਉਡੀਕ ਕਰਦਾ ਹੈ।''* ਲੂਕਾ ਦੇ 1 ਅਧਿਆਇ ਵਿਚ ਸਾਨੂੰ ਇਕ ਦਿਲਚਸਪ ਕਹਾਣੀ ਮਿਲਦੀ ਹੈ। ਜ਼ਕਰਯਾਹ ਅਤੇ ਇਲੀਸਬਤ ਦੋਵੇਂ ਵਿਸ਼ਵਾਸੀ ਸਨ। ਪਰ ਇਲੀਸਬਤ ਬਾਂਝ ਸੀ। ਕਈ ਸਾਲਾਂ ਤਕ ਉਹ ਔਲਾਦ ਲਈ ਦੁਆ ਕਰਦੇ ਰਹੇ। ਉਹ ਅਜੇ ਵੀ ਦੁਆ ਕਰਦੇ ਸਨ। ਪਰ ਕੁੜੱਤਣ ਭਰੇ ਮਨ ਨਾਲ। ਇਕ ਫ਼ਰਿਸ਼ਤੇ ਨੇ ਜ਼ਕਰਯਾਹ ਨੂੰ ਪੁੱਤਰ ਦੇਣ ਦਾ ਵਾਅਦਾ ਕੀਤਾ। ਉਹ ਹੈਰਾਨ ਨਹੀਂ ਹੋਇਆ! ਕਿਉ? ਕਿਉਂਕਿ ਉਸਨੇ ਉਹ ਬੱਚਾ ਵੀਹ ਸਾਲ ਪਹਿਲਾਂ ਮੰਗਿਆ ਸੀ! ਸਾਡੇ ਵਿੱਚੋਂ ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਖ਼ੁਦਾ ਸਾਡੀ ਸਮੇਂ ਸਾਰਣੀ ਦੇ ਅਨੁਸਾਰ ਚੱਲੇ। ਹੋ ਸਕਦਾ ਹੈ ਕਿ ਖ਼ੁਦਾ ਆਪਣੇ ਸਮੇਂ ਦੇ ਅਨੁਸਾਰ ਚੱਲਣਾ ਚਾਹੁੰਦਾ ਹੈ। ''ਜਿਹੜਾ ਮੂੰਹ *ਪੁਕਾਰਦਾ* ਨਹੀਂ ਹੈ ਉਸ ਨੂੰ *ਬੰਦ* ਕਰ ਦਿੱਤਾ ਜਾਵੇਗਾ!'' ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜਨਮ ਹੋਣ ਤਕ ਜ਼ਕਰਯਾਹ ਗੂੰਗਾ ਰਿਹਾ। ਇਹ ਕਿਹੋ ਜਿਹਾ ਪੁੱਤਰ ਸੀ ਜਿਹੜਾ ਉਸਦੇ ਘਰ ਪੈਦਾ ਹੋਇਆ! ਉਹ ਯਹੋਵਾਹ ਦੀ ਉਡੀਕ ਕਰਨ ਨੂੰ ਤਿਆਰ ਨਹੀਂ ਸਨ, ਪਰ ਵੇਖੋ ''ਸਮਾਂ ਪੂਰਾ ਹੋਣ'' ਤੇ ਖ਼ੁਦਾ ਨੇ ਉਨ੍ਹਾਂ ਨੂੰ ਕਿਹੋ ਜਿਹਾ ਪੁੱਤਰ ਦਿੱਤਾ!

ਇਕ ਹੋਰ ਦਿਲਚਸਪ ਦੁਆ ਉਤਪਤ 18:23–32 ਵਿਚ ਮਿਲਦੀ ਹੈ। ਅਬਰਾਹਾਮ ਨੇ ਸਦੋਮ ਨੂੰ ਬਚਾਉਣ ਵਾਸਤੇ ਦੁਆ ਕੀਤੀ ਸੀ। ਉਸ ਨੇ ਖ਼ੁਦਾ ਨਾਲ ਗੱਲ ਕੀਤੀ। ਪੰਜਾਹ–ਹਾਂ, ਇੱਥੋਂ ਤਕ ਕਿ ਦਸ ਧਰਮੀ ਲੋਕਾਂ ਦੇ ਹੋਣ ਤੇ ਵੀ ਸਦੋਮ ਦਾ ਬਚਾਅ ਹੋ ਸਕਦਾ ਸੀ। ਫਿਰ ਅਬਰਾਹਾਮ ਰੁਕ ਗਿਆ! ਕੀ ਪੰਜ, ਦੋ ਜਾਂ ਇਕ ਨਾਲ ਸਦੋਮ ਦਾ ਬਚਾਅ ਹੋ ਸਕਦਾ ਸੀ? ਕੀ ਪਤਾ ਹੋ ਹੀ ਜਾਂਦਾ ... ਕਿਉਂਕਿ ਅਬਰਾਹਾਮ ਨੇ ਯਹੋਵਾਹ ਦੀ ਉਡੀਕ ਕਰਨਾ ਛੱਡ ਦਿੱਤਾ ਸੀ।

ਖ਼ੁਦਾ ਨੇ ਯਿਰਮਿਯਾਹ 42:4–7 ਵਿਚ ਯਿਰਮਿਯਾਹ ਦੀ ਦੁਆ ਦਾ ਜਵਾਬ ਦਿੱਤਾ, ਪਰ ਅਜਿਹਾ ਕਰਨ ਲਈ ਉਸ ਨੇ ਦਸ ਦਿਨ ਉਡੀਕ ਕੀਤੀ। ਦੁਆ ਦੇ ਆਪਣੇ ਨਿਅਮਾਂ ਵਿਚ ਯਿਸੂ ਨੇ ਕਈ ਵਾਰ ਦੁਆ ਕਰਦੇ ਰਹਿਣ ਬਾਰੇ ਸਿਖਾਇਆ। ਜਦ ਤੁਸੀਂ ਵਿਸ਼ਵਾਸ ਕਰਨਾ ਛੱਡ ਦਿੰਦੇ ਹੋ ਤਾਂ ਦੁਆ ਕਰਨਾ ਛੁੱਟ ਜਾਂਦਾ ਹੈ। ਮਨ ਵਿਚ ਕਿਤੇ, ਕੀ ਅਸੀਂ ਸਚਮੁਚ ਦੁਆ ਵਿਚ ਯਕੀਨ ਰੱਖਦੇ ਹਾਂ? ''ਗੋਡਿਆਂ ਭਾਰ ਝੁਕੇ ਹੋਏ ਮਸੀਹੀ ਨੂੰ ਪੱਬਾਂ ਭਾਰ ਖੜੇ ਕਿਸੇ ਫ਼ਿਲਾਸਫ਼ਰ ਨਾਲੋਂ ਜ਼ਿਆਦਾ ਨਜ਼ਰ ਆਉਂਦਾ ਹੈ।''[1]

> ਦੁਆ ਕਰਨਾ ਨਾ ਛੱਡੋ।
> ਅਤੇ ਜੇ ਜਵਾਬ ਮਿਲਣ ਵਿਚ ਦੇਰੀ ਹੋਵੇ,ਤਾਂ
> ਉਡੀਕ ਕਰੋ। *ਖ਼ੁਦਾ* ਜ਼ਰੂਰ ਆਵੇਗਾ,
> ਅਤੇ ਉਹ ਆਉਣ ਵਿਚ ਦੇਰੀ ਬਿਲਕੁਲ ਨਹੀਂ ਕਰ ਸਕਦਾ।

(4) *ਖ਼ੁਦਾ ''ਬਦਲ'' ਦਿੰਦਾ ਹੈ।* ਉਹ ਕੋਈ ਫ਼ਰਕ ਜਾਂ ਉਸ ਤੋਂ ਵੀ ਵਧੀਆ ਚੀਜ਼ ਭੇਜ ਦਿੰਦਾ ਹੈ; ਕਿਉਂਕਿ ਉਹ ਸਾਡੇ ਮੰਗਣ ਨਾਲੋਂ ਬੇਹਤਰ ਚੀਜ਼ਾਂ ਦਿੰਦਾ ਹੈ। ਮੂਸਾ ਨੇ ਫ਼ਲਿਸਤੀਨ ਵਿਚ ਦਾਖ਼ਲ ਹੋਣ ਲਈ ਦੁਆ ਕੀਤੀ ਸੀ। ਦੁਆ ਨੇ ਉਸਦੀ ਬੇਨਤੀ ਨੂੰ ਨਕਾਰ ਦਿੱਤਾ, ਪਰ ਉਸਨੇ ਮੂਸਾ ਨੂੰ ਪਿਸਗਾ ਤੋਂ ਅਤੇ ਉਸ ਦਾ ਰੂਪ ਬਦਲਣ ਵਾਲੇ ਪਹਾੜ ਤੋਂ ਵੇਖਣ ਦੀ ਇਜਾਜ਼ਤ ਦੇ ਦਿੱਤੀ। ਯਿਸੂ ਲਾਜ਼ਰ

ਨੂੰ ਚੰਗਿਆਈ ਦੇਣ ਨਹੀਂ ਆਇਆ, ਪਰ ਮੁਰਦਾ ਲਾਜ਼ਰ ਨੂੰ ਉਸ ਨੇ ਜ਼ਿੰਦਾ ਕਰ ਦਿੱਤਾ (ਯੂਹੰਨਾ 11:43, 44)। ਉਸਨੇ ਲਾਜ਼ਰ ਨੂੰ ਇਸ ਲਈ ਜਿਵਾਲਿਆ ਕਿ ਮਾਰਥਾ ਯਿਸੂ ਨੂੰ ਜੀ ਉੱਠਣ ਅਤੇ ਜ਼ਿੰਦਗੀ ਦੇ ਰੂਪ ਵਿਚ ਵੇਖ ਸਕੇ। ਇਕ ਦੁਖੀ ਔਰਤ ਨੂੰ ਯਿਸੂ ਵੱਲੋਂ ਜੀ ਉੱਠਣ ਦੀ ਸਭ ਤੋਂ ਵੱਡੀ ਸਿੱਖਿਆ ਦਿੱਤੀ ਗਈ। ਮਾਪੇ ਜਦ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਮੁਤਾਬਕ ਕੁਝ ਨਹੀਂ ਦੇ ਪਾਉਂਦੇ ਤਾਂ ਉਹ ਉਨ੍ਹਾਂ ਨੂੰ ਉਸਦੇ ਬਦਲ ਦੇ ਰੂਪ ਵਿਚ ਕੁਝ ਬੇਹਤਰ ਦੇ ਦਿੰਦੇ ਹਨ। ਰੋਮੀਆਂ 8:31, 32 ਵਿਚ ਪੌਲੁਸ ਨੇ ਇਸੇ ਮੁੱਦੇ ਨੂੰ ਚੁੱਕਿਆ, ''ਉਪਰੰਤ ਅਸੀਂ ਇਨ੍ਹਾਂ ਗੱਲਾਂ ਉੱਤੇ ਕੀ ਆਖੀਏ? ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ? ਜਿਹ ਨੇ ਆਪਣੇ ਹੀ ਪੁੱਤਰ ਦਾ ਵੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖ਼ਸ਼ੇਗਾ?''

ਗ੍ਰਹਿ ਯੁੱਧ ਵਿਚ ਸ਼ਾਮਲ ਇਕ ਸਿਪਾਹੀ ਨੇ ਬੜਾ ਵਧੀਆ ਕਿਹਾ ਹੈ:

ਮੈਂ ਖ਼ੁਦਾ ਤੋਂ ਸ਼ਕਤੀ ਮੰਗੀ, ਕਿ ਮੈਂ ਪਾ ਸਕਾਂ,
ਮੈਨੂੰ ਕਮਜ਼ੋਰ ਕਰ ਦਿੱਤਾ ਗਿਆ, ਤਾਂ ਜੋ ਮੈਂ ਹੁਕਮ ਮੰਨਣ ਲਈ ਦੀਨ ਹੋਣਾ ਸਿੱਖ ਸਕਾਂ
ਮੈਂ ਸਿਹਤ ਮੰਗੀ, ਕਿ ਮੈਂ ਵੱਡੇ ਵੱਡੇ ਕੰਮ ਕਰ ਸਕਾਂ,
ਮੈਨੂੰ ਲਾਚਾਰੀ ਦਿੱਤੀ ਗਈ, ਤਾਂ ਜੋ ਮੈਂ ਬੇਹਤਰ ਕੰਮ ਕਰ ਸਕਾਂ, ...
ਮੈਂ ਖੁਸ਼ਹਾਲੀ ਮੰਗੀ, ਕਿ ਮੈਂ ਖੁਸ਼ ਰਹਿ ਸਕਾਂ,
ਮੈਨੂੰ ਗ਼ੁਰਬਤ ਦਿੱਤੀ ਗਈ, ਤਾਂ ਜੋ ਮੈਂ ਸਮਝਦਾਰ ਬਣ ਜਾਵਾਂ ...
ਮੈਂ ਸ਼ਕਤੀ ਮੰਗੀ, ਕਿ ਮੈਂ ਲੋਕਾਂ ਤੋਂ ਵਡਿਆਈ ਪਾਵਾਂ,
ਮੈਨੂੰ ਕਮਜ਼ੋਰੀ ਦਿੱਤੀ ਗਈ, ਤਾਂ ਜੋ ਮੈਂ ਖ਼ੁਦਾ ਦੀ ਲੋੜ ਮਹਿਸੂਸ ਕਰ ਸਕਾਂ ...
ਮੈਂ ਸਭ ਕੁਝ ਮੰਗਿਆ, ਕਿ ਜੀਣ ਦਾ ਮਜ਼ਾ ਲੈ ਸਕਾਂ,
ਮੈਨੂੰ ਜ਼ਿੰਦਗੀ ਦਿੱਤੀ ਗਈ, ਤਾਂ ਜੋ ਮੈਂ ਹਰ ਚੀਜ਼ ਦਾ ਮਜ਼ਾ ਲੈ ਸਕਾਂ ...
ਜੋ ਵੀ ਮੈਂ ਮੰਗਿਆ, ਉਸ ਵਿੱਚੋਂ ਮੈਨੂੰ ਕੁਝ ਨਹੀਂ ਮਿਲਿਆ,
ਪਰ ਉਹ ਜ਼ਰੂਰ ਮਿਲਿਆ, ਜਿਸਦੀ ਮੈਨੂੰ ਉਮੀਦ ਸੀ।
ਮੇਰੇ ਬਾਵਜੂਦ, ਮੇਰੀ ਅਣਕਹੀ ਤਕਰੀਬਨ ਹਰ ਦੁਆਵਾਂ ਦਾ ਜਵਾਬ
ਮਿਲ ਗਿਆ ਸੀ।
ਮਨੁੱਖਾਂ ਵਿਚ ਮੈਂ ਸਭ ਤੋਂ ਵੱਧ ਬਰਕਤ ਪਾਈ ਹੈ।

ਸੁਲੇਮਾਨ ਨੇ ਬੁੱਧ ਮੰਗੀ (1 ਰਾਜਿਆਂ 3:6–9)। ਖ਼ੁਦਾ ਨੇ ਉਸ ਨੂੰ ਬੁੱਧ ਹੀ ਨਹੀਂ, ਬਲਕਿ ਖੁਸ਼ਹਾਲੀ, ਸ਼ਾਂਤੀ ਅਤੇ ਸ਼ਕਤੀ ਵੀ ਦਿੱਤੀ। ਮਨੁੱਖ ਅਕਸਰ ਨਿਰਾਸ਼ ਹੋ ਜਾਂਦਾ ਹੈ, ਜਦ ਉਸ ਦੀਆਂ ਛੋਟੀਆਂ ਛੋਟੀਆਂ ਦੁਆਵਾਂ ਦਾ ਜਵਾਬ ਨਹੀਂ ਮਿਲਦਾ। ਖ਼ੁਦਾ ਨੂੰ ਉਦੋਂ ਨਿਰਾਸ਼ਾ ਹੁੰਦੀ ਹੈ ਜਦ ਮਨੁੱਖ ਛੋਟੀਆਂ ਛੋਟੀਆਂ ਦੁਆਵਾਂ ਕਰਦਾ ਹੈ।

(5) *ਖ਼ੁਦਾ ''ਸਾਨੂੰ ਬਦਲਦਾ ਹੈ।''* ਦੁਆ ਨਾਲ ਹਾਲਾਤ ਬਦਲ ਜਾਂਦੇ ਹਨ। ਕਿਉਂਕਿ ਖ਼ੁਦਾ ਸਾਨੂੰ ਬਦਲ ਦਿੰਦਾ ਹੈ। ਸਾਨੂੰ ਬਦਲਣਾ ਹਾਲਾਤ ਦੇ ਬਦਲਣ ਨਾਲੋਂ ਵੱਡਾ ਕੰਮ ਹੈ। ਕਿਸੇ ਤੇ ਯਕੀਨ ਕਰਨ ਦਾ ਮਤਲਬ ਆਪਣੇ ਆਪ ਨੂੰ ਕਿਸੇ ਦੇ ਹੱਥ ਵਿਚ ਦੇ ਦੇਣਾ ਹੈ। ਜਦ ਅਸੀਂ ਦੁਆ ਕਰਦੇ ਹਾਂ ਤਾਂ ਸਾਨੂੰ ਬਦਲਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਜਦ ਅਸੀਂ ਦੁਆ ਕਰਦੇ ਹਾਂ ਤਾਂ ਉਸ ਦਾ ਨਤੀਜਾ ਦੁਆ ਨਾ ਕਰਨ ਨਾਲੋਂ ਫ਼ਰਕ ਹੁੰਦਾ ਹੈ। ਸਾਨੂੰ ਪਰੇਸ਼ਾਨੀਆਂ ਦੇ ਘਟਣ ਲਈ ਨਹੀਂ ਬਲਕਿ ਹੋਰ ਤਾਕਤ ਪਾਉਣ ਲਈ ਦੁਆ ਕਰਨੀ ਚਾਹੀਦੀ ਹੈ। ਸਾਨੂੰ ਹਲਕੇ ਬੋਝ ਲਈ ਨਹੀਂ ਬਲਕਿ ਮਜ਼ਬੂਤ

ਮੋਢਿਆਂ ਲਈ ਦੁਆ ਕਰਨੀ ਚਾਹੀਦੀ ਹੈ। ਜਵਾਬ ਮਿਲਣ ਵਾਲੀਆਂ ਦੁਆਵਾਂ ਵਿਚ ਸਭ ਤੋਂ ਅਚਰਜ ਗੱਲ ਬਰਕਤਾਂ ਨਹੀਂ ਬਲਕਿ ਇਹ ਵੇਖਣਾ ਹੈ ਕਿ ਖ਼ੁਦਾ ਸਾਡੀ ਜ਼ਿੰਦਗੀ ਵਿਚ ਕੰਮ ਕਰ ਰਿਹਾ ਹੈ। ਇਹ ਜਾਣਨਾ ਕਿ ਖ਼ੁਦਾ ਸਾਡੀ ਜ਼ਿੰਦਗੀ ਵਿਚ ਕੰਮ ਕਰ ਰਿਹਾ ਹੈ, ਸਚਮੁਚ ਭੈਦਾਇਕ ਹੈ! ਦੁਆ ਕਰਨ ਤੋਂ ਭਾਵ ਬਦਲਣਾ ਅਰਥਾਤ ਖ਼ੁਦਾ ਅੱਗੇ ਸਾਫ਼ ਗੱਲ ਕਰਨਾ ਹੈ।

(6) *ਖ਼ੁਦਾ ਸਾਨੂੰ ''ਖ਼ੁਦਾ'' ਦਿੰਦਾ ਹੈ।* ਅਸਲ ਵਿਚ ਜੇ ਖ਼ੁਦਾ ਸਾਨੂੰ ਕੁਝ ਦੁਆ ਦਾ ਜਵਾਬ ਦੇਵੇ ਤਾਂ ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਪਾਉਂਦੇ। ਇਸ ਨੂੰ ਸਮਝਣ ਦੀ ਲੋੜ ਨਹੀਂ ਹੈ, ਕਿਉਂਕਿ ਸਾਨੂੰ ਖ਼ੁਦਾ ਦੀ ਲੋੜ ਹੈ। *ਖ਼ੁਦਾ!* ਖ਼ੁਦਾ ਖ਼ੁਦ ਆਉਂਦਾ ਹੈ। ਦੁਆ ਵਿਚ ਸ਼ਕਤੀ ਇਸ ਲਈ ਹੈ ਕਿਉਂਕਿ ਖ਼ੁਦਾ ਸਰਬਸ਼ਕਤੀਮਾਨ ਹੈ। ਦੁਆ ਸਾਨੂੰ ਖ਼ੁਦਾ ਦੀ ਹਜ਼ੂਰੀ ਵਿਚ ਲਿਆਉਂਦੀ ਹੈ। ਜਿੰਨਾਂ ਵੱਧ ਸਮਾਂ ਅਸੀਂ ਖ਼ੁਦਾ ਦੇ ਨਾਲ ਕੱਟਦੇ ਹਾਂ ਓਨਾਂ ਹੀ ਅਸੀਂ ਖ਼ੁਦਾ ਵਰਗੇ ਬਣ ਜਾਵਾਂਗੇ। ਖ਼ੁਦਾ ਮੂਸਾ ਕੋਲ, ਦਾਊਦ ਕੋਲ, ਅੱਯੂਬ ਕੋਲ, ਨਬੀਆਂ ਕੋਲ, ਪੌਲੁਸ ਕੋਲ ਆਇਆ। ਦੁਆ ਦਾ ਸਭ ਤੋਂ ਵੱਡਾ ਜਵਾਬ ਖ਼ੁਦਾ ਦਾ ਸਾਡੇ ਕੋਲ ਹੋਣਾ ਹੈ। ਖ਼ੁਦਾ ਸਾਡੇ ਲਈ ਜੋ ਕੁਝ *''ਕਰਦਾ ਹੈ''* ਉਸ ਨਾਲੋਂ ਵੱਧ ਅਹਿਮ ਇਹ ਹੈ ਕਿ ਖ਼ੁਦਾ ਜੋ *''ਹੈ।''*

ਮੈਨੂੰ ਨਹੀਂ ਪਤਾ ਕਿ ਕਿਵੇਂ,
ਪਰ ਇੰਨਾ ਜਾਣਦਾ ਹਾਂ ਕਿ ਖ਼ੁਦਾ ਦੁਆ ਦਾ ਜਵਾਬ ਦਿੰਦਾ ਹੈ।
ਮੈਂ ਜਾਣਦਾ ਹਾਂ ਕਿ ਉਸਨੇ ਆਪਣਾ ਵਚਨ ਦਿੱਤਾ ਹੈ,
ਜੋ ਮੈਨੂੰ ਦੱਸਦਾ ਹੈ ਕਿ ਦੁਆ ਸੁਣੀ ਜਾਂਦੀ ਹੈ।
ਅਤੇ ਅੱਜ ਨਹੀਂ ਤਾਂ ਕੱਲ੍ਹ, ਉਸ ਦਾ ਜਵਾਬ ਜ਼ਰੂਰ ਮਿਲੇਗਾ;
ਅਤੇ ਇਸੇ ਲਈ ਮੈਂ ਦੁਆ ਕਰਦਾ ਅਤੇ ਅਰਾਮ ਨਾਲ ਉਡੀਕ ਕਰਦਾ ਹਾਂ।

ਮੈਨੂੰ ਨਹੀਂ ਪਤਾ ਕਿ ਮੈਂ ਜਿੰਨ੍ਹਾਂ ਬਰਕਤਾਂ ਦੀ ਇੱਛਾ ਕੀਤੀ ਹੈ,
ਉਹੀ ਮਿਲਣਗੀਆਂ ਜਿਵੇਂ ਮੈਂ ਸੋਚਿਆ ਸੀ;
ਪਰ ਮੇਰੀ ਦੁਆ ਨੂੰ ਉਸ ਦੇ ਨਾਲ ਇਕੱਲਾ ਛੱਡ ਦੇ,
ਜਿਸ ਦੀ ਇੱਛਾ ਮੇਰੀ ਇੱਛਾ ਨਾਲੋਂ ਸਮਝਦਾਰ ਹੈ।
ਇਸ ਆਸ ਨਾਲ ਕਿ ਉਹ ਮੇਰੀ ਦੁਆ ਸੁਣੇਗਾ,
ਜਾਂ ਉਸ ਨਾਲੋਂ ਕਿਤੇ ਵਧੀਆ ਜਵਾਬ ਭੇਜੇਗਾ।

ਅਲਿਜ਼ਬਥ ਐੱਮ. ਹਿੱਕਾਕ

*"ਹੇ ਪ੍ਰਭੂ, ਮੇਰਾ* ***ਯਕੀਨ*** *ਦੁਆ ਵਿਚ ਨਹੀਂ ਹੈ। ਮੇਰਾ* ***ਯਕੀਨ*** *ਤੇਰੇ ਉੱਤੇ ਹੈ।*
*ਮੈਨੂੰ* ***ਯਕੀਨ*** *ਨਾਲ ਦੁਆ ਕਰਨਾ ਸਿਖਾ ਦੇ।"*

---
ਟਿੱਪਣੀ

[1]ਔਗੁਸਤੁਸ ਟਾੱਪਲੇਡੀ।